## 7th Manual: Arrangement for consultation with or representation by the members of the public in relation to the formulation of policy or implementation thereof

**7.1 Relevant rule, circular etc:**

**7.2 Arrangements for consultation with or representation by the members of the public in policy formulation / policy implementation:**

ਗਮਾਡਾ ਇਕ ਪਬਲਿਕ ਅਦਾਰਾ ਹੋਣ ਕਰਕੇ ਇਸ ਦਾ ਮੁੱਖ ਕੰਮ ਮਕਾਨਾਂ ਅਤੇ ਪਲਾਟਾਂ ਆਦਿ ਦਾ ਯੋਜਨਾਬੱਧ ਢੰਗ ਨਾਲ ਵਿਕਾਸ ਕਰਨਾ ਹੈ। ਸਹਿਰੀ ਮਿਲਖਾਂ ਬਣਾਉਣ ਲਈ ਪਹਿਲਾਂਭੌਂ ਪ੍ਰਾਪਤੀ ਦੀ ਕਾਰਵਾਈ ਕੀਤੀ ਜਾਂਦੀ ਹੈ ਅਤੇ ਉਸ ਉਪਰੰਤ ਬੁਨਿਆਦੀ ਸੁਵਿਧਾਵਾਂ ਪ੍ਰਦਾਨ ਕਰਨ ਉਪਰੰਤ ਲੋਕਾਂ ਨੂੰ ਸਸਤੇ ਰੇਟਾਂ ਤੇ ਅਲਾਟ ਕਰ ਦਿੱਤਾ ਜਾਂਦਾ ਹੈ।

ਪਾਲਸੀ ਬਣਾਉਣ ਵਿੱਚ ਸੁਰੂ ਤੋਂ ਲੈ ਕੇ ਅਖੀਰ ਤੱਕ ਪਬਲਿਕ ਦੇ ਸੁਝਾਉ ਲਏ ਜਾਂਦੇ ਹਨ। ਇਸ ਉਪਰੰਤ ਪਾਲਸੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਕਿ ਲੋਕਾਂ ਨੂੰ ਔਕੜਾਂ ਦਾ ਸਾਹਮਣਾ ਨਾ ਕਰਨਾ ਪਵੇ ਜਿਥੋਂ ਤੱਕ ਇਹਨਾਂ ਪਾਲਸੀਆਂ ਨੂੰ ਜਾਰੀ ਕਰਨ ਦੇਦਫਤਰੀ ਹੁਕਮਾਂ ਦਾ ਸਬੰਧ ਹੈ, ਉਹ ਭਾਵੇਂ ਘੱਟ ਹੀ ਹਨ, ਫਿਰ ਵੀ ਵੱਖ ਵੱਖ ਕਮੇਟੀਆਂ ਕੰਮ ਕਰਦੀਆਂ ਹਨ।

**1 ਅਥਾਰਟੀ ਦੀ ਸਥਾਪਨਾ ਸਬੰਧੀ।**

ਸਹਿਰੀ ਯੋਜਨਾਬੰਦੀ ਨਾਲ ਸਬੰਧਤ ਮਸਲੇ ਅਥਾਰਟੀ ਦੀ ਮੀਟਿੰਗ ਵਿੱਚ ਵਿਚਾਰੇ ਜਾਂਦੇ ਹਨ ਅਤੇ ਕਮੇਟੀ ਵਲੋਂ ਇਹਨਾਂ ਦਾ ਫੈਸਲਾ ਕੀਤਾ ਜਾਂਦਾ ਹੈ। ਅਥਾਰਟੀ ਵਿੱਚ ਆਫਿਸੀਅਲ ਮੈਂਬਰਾਂ ਤੋਂ ਇਲਾਵਾ ਇਸ ਸਮੇਂ 3 ਨਾਨ ਆਫਿਸੀਅਲ ਮੈਂਬਰ ਸਾਮਿਲ ਕਰਨਦਾ ਉਪਬੰਧ ਹੈ। ਇਹ ਮੈਂਬਰ ਪਬਲਿਕ ਦੀ ਨੁਮਾਇੰਦਗੀ ਕਰਦੇ ਹਨ।

**2 ਸੁਝਾਓ ਬਕਸੇ**

ਪੁੱਡਾ ਭਵਨ ਵਿੱਖੇ ਸਵਾਗਤ ਕਰਤਾ ਕਾਊਂਟਰਾਂ ਦੇ ਨਾਲ ਸੁਝਾਓ ਬਕਸੇ ਰੱਖੇ ਗਏ ਹਨ ਜਿਨ੍ਹਾਂ ਵਿੱਚ ਪਬਲਿਕ ਅਪਣੇ ਸੁਝਾਓ ਲਿਖ ਕੇ ਪਾ ਸਕਦੀ ਹੈ। ਇਹਨਾਂ ਪ੍ਰਾਪਤ ਸੁਝਾਵਾਂ ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਢੁਕਵੀਂ ਕਾਰਵਾਈ ਕੀਤੀ ਜਾਂਦੀ ਹੈ।

**3 ਵੈਲਫੇਅਰ ਐਸੋਸੀਏਸਨਾਂ ਦੀ ਨੁਮਾਇੰਦਗੀ ਬਾਰੇ**

ਭਾਵੇਂ ਕਿ ਗਮਾਡਾ ਵਲੋਂ ਐਡਵਾਈਜਰੀ ਕਮੇਟੀਆਂ ਗਠਿਤ ਨਹੀਂ ਕੀਤੀਆਂ ਗਈਆਂਫਿਰ ਵੀ ਪੁੱਡਾ ਗਮਾਡਾ ਵਲੋਂ ਵਿਕਸਤ ਸਾਰੀਆਂ ਸਹਿਰੀ ਮਿਲਖਾਂ ਦੀਆਂ ਵੈਲਫੇਅਰ ਐਸੋਸੀਏਸਨਾਂ ਦੇ ਨੁਮਾਇੰਦਿਆਂ ਨੂੰ ਗਮਾਡਾ ਦੀਆਂ ਹਰ ਤਰ੍ਹਾਂ ਦੀਆਂ ਉਦਘਾਟਣੀ ਗਤੀਵਿਧੀਆਂ ਵਿੱਚ ਸਾਮਿਲ ਕੀਤਾ ਜਾਂਦਾ ਹੈ ਅਤੇ ਗਮਾਡਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਉਹਨਾਂ ਵਲੋਂ ਦਿੱਤੇ ਸੁਝਾਵਾਂ ਤੇ ਵੀ ਕਾਰਵਾਈ ਕੀਤੀਜਾਂਦੀ ਹੈ।

**4 ਭੌਂ ਪ੍ਰਾਪਤੀ ਸਬੰਧੀ।**

ਸਹਿਰੀ ਮਿਲਖਾਂ ਦੇ ਵਿਸਥਾਰ ਜਾਂ ਇਸ ਨਾਲ ਸਬੰਧਤ ਕਿਸੇ ਮੰਤਵ ਲਈ ਭੋਂ ਦੀਲੋੜ ਹੁੰਦੀ ਹੈ ਤਾਂ ਉਸ ਦੀ ਪ੍ਰਾਪਤੀ ਲਈ ਨੋਟੀਫਿਕੇਸਨ ਪ੍ਰਕਾਸਿਤ ਕਰਵਾਉਣ ਉਪਰੰਤ THE RIGHT TO FAIR COMPENSATION AND TRANSPARENCY IN LAND ACQUISITION, REHABILITATION AND RESETTLEMENT ACT 2013 ਮੁਤਾਬਿਕ ਭੋਂ ਮਾਲਕਾਂ ਤੋਂ ਇਸ ਦੀ ਪ੍ਰਾਪਤੀ ਸਬੰਧੀਲਿਖਤੀ ਇਤਰਾਜ ਲਏ ਜਾਂਦੇ ਹਨ ਜਿਹੜੇ ਕਿ ਸਿਫਾਰਸ ਸਹਿਤ ਸਰਕਾਰ ਨੂੰ ਫੈਸਲਾ ਕਰਨਲਈ ਭੇਜ ਦਿੱਤੇ ਜਾਂਦੇ ਹਨ। ਇਸ ਭੌਂ ਦੇ ਰੇਟ ਜਿਲ੍ਹਾ ਭੋਂ ਰੇਟ ਫਿਕਸੇ ਸਨ ਕਮੇਟੀ ਵਲੋਂ

ਫਿਕਸ ਕੀਤੇ ਜਾਂਦੇ ਹਨ । ਰੇਟ ਫਿਕਸੇਸਨ ਕਮੇਟੀ ਦੇ ਮੈਂਬਰ ਹੇਠ ਅਨੁਸਾਰ ਹਨ:-

| | | |
|---|---|---|
| 1 | ਡਿਪਟੀ ਕਮਿਸਨਰ | ਚੇਅਰਮੈਨ |
| 2 | ਮੈਂਬਰ ਪਾਰਲੀਮੈਂਟ ਹਲਕਾ | |
| 3 | ਐਮ.ਐਲ.ਏ ਹਲਕਾ | |

ਐਮ ਐਲ ਏ ਅਤੇ ਐਮ ਪੀ ਪਬਲਿਕ ਦੇ ਚੁਣੇ ਹੋਏ ਨੁਮਾਇੰਦੇ ਹੁੰਦੇ ਹਨਜਿਹੜੇ ਕਿ ਪਬਲਿਕ ਦੇ ਹੱਕਾਂ ਲਈ ਪ੍ਰਤੀਨਿੱਧਤਾ ਕਰਦੇ ਹਨ ।